Alberta

**ਨਿਊਜ਼** ਰਿਲੀਜ਼

# ਮੁੜ-ਉਭਰ ਰਹੀ ਆਰਥਿਕਤਾ ਲਈ ਨਵੀਆਂ ਗਰਾਂਟਾਂ

2 ਜੂਨ 2022

ਐਲਬਰਟਾ ਜੌਬਜ਼ ਨਾਉ (Alberta Jobs Now) ਅਰਜ਼ੀਆਂ ਕੱਲ ਤੋਂ ਮੁੜ ਖੁੱਲ੍ਹ ਰਹੀਆਂ ਹਨ – ਜੋ ਵਧ ਫੁਲ ਰਹੀ ਆਰਥਿਕਤਾ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਨ ਵਾਸਤੇ ਐਂਪਲਾਇਰਾਂ ਨੂੰ ਨਵੇਂ ਵਰਕਰ ਭਰਤੀ ਕਰਨ ਅਤੇ ਉਨ੍ਹਾਂ ਨੂੰ ਦੇ ਹੁਨਰਾਂ ਨੂੰ ਬੜ੍ਹਾਵਾ ਦੇਣ 'ਚ ਮਦਦ ਕਰਨਗੀਆਂ।

ਐਲਬਰਟਾ ਦੀ ਰਿਕਵਰੀ ਪਲੈਨ ਦੀ ਜ਼ਬਰਦਸਤ ਕਾਮਯਾਬੀ ਨੂੰ ਜਾਰੀ ਰੱਖਣ 'ਚ ਮਦਦ ਕਰਨ ਲਈ ਐਲਬਰਟਾ ਜੌਬਜ਼ ਨਾਉ ਪ੍ਰੋਗਰਾਮ ਅਰਜ਼ੀਆਂ ਲੈਣ ਦੀ ਆਪਣੀ ਤੀਸਰੀ ਅਤੇ ਅੰਤਿਮ ਵਾਰੀ 3 ਜੂਨ ਨੂੰ ਖੋਲ੍ਹੇਗਾ। ਭਵਿੱਖ 'ਚ ਹੋ ਸਕਣ ਵਾਲੀ ਲੇਬਰ ਦੀ ਘਾਟ ਨਾਲ ਨਿਪਟਣ ਲਈ ਯੋਗ ਬਣਦੇ ਐਂਪਲਾਇਰ 10 ਤੱਕ ਨਵੇਂ ਫੁੱਲ-ਟਾਈਮ ਜਾਂ ਪਾਰਟ-ਟਾਈਮ ਵਰਕਰ ਭਰਤੀ ਕਰ ਸਕਦੇ ਅਤੇ ਉਨ੍ਹਾ ਨੂੰ ਟਰੇਨਿੰਗ ਦੇ ਸਕਦੇ ਹਨ। ਗਰਾਂਟਾਂ ਕਿਸੇ ਕਰਮਚਾਰੀ ਦੀ ਸਲਾਨਾਂ ਤਨਖਾਹ ਦਾ 25 ਪ੍ਰਤੀਸ਼ਤ, ਵੱਧ ਤੋਂ ਵੱਧ 25,000 ਡਾਲਰ ਤੱਕ, ਅਦਾ ਕਰਨਗੀਆਂ। ਕੁਲ ਫੰਡਿੰਗ 'ਚ ਤਕਰੀਬਨ 90 ਮਿਲੀਅਨ ਡਾਲਰ ਉਪਲਬਧ ਹਨ।

ਉਨ੍ਹਾਂ ਐਲਬਰਟਾ ਨਿਵਾਸੀਆਂ ਦੀ ਹੋਰ ਅਗਾਂਹ ਦੀ ਸਹਾਇਤਾ ਵਾਸਤੇ, ਜਿੰਨ੍ਹਾਂ ਨੂੰ ਲੰਮੇਰੇ ਸਮੇਂ ਵਾਸਤੇ ਬੇਰੋਜ਼ਗਾਰ ਰਹਿਣਾ ਪਿਆ, ਐਂਪਲਾਇਰ ਨਵੀਂ ਅਸਾਮੀ ਲਈ ਸਹਾਇਤਾ ਵਾਸਤੇ 37,500 ਡਾਲਰ ਤੱਕ ਪ੍ਰਾਪਤ ਕਰ ਸਕਦੇ ਹਨ, ਜੇਕਰ ਉਹ ਅਸਾਮੀ ਕਿਸੇ ਉਸ ਵਿਅਕਤੀ ਨਾਲ ਭਰੀ ਜਾਂਦੀ ਹੈ ਜਿਹੜਾ ਘੱਟੋ ਘੱਟ 27 ਹਫਤੇ ਉਪਰੋਥਲੀ ਕੰਮ ਤੋਂ ਬਗੈਰ ਰਿਹਾ ਹੋਵੇ। ਉਹ ਐਂਪਲਾਇਰ ਜਿਹੜੇ ਕਿਸੇ ਆਪੰਗਤਾ ਵਾਲੇ ਵਿਅਕਤੀ ਨੂੰ ਭਰਤੀ ਕਰਦੇ ਹਨ, ਬਰਾਬਰ ਦੀ ਉੱਚ- ਮੁੱਲ ਵਾਲੀ ਗਰਾਂਟ ਲਈ ਯੋਗ ਬਣਦੇ ਹਨ, ਬਗੈਰ ਇਹ ਧਿਆਨ ਦਿੱਤੇ ਕਿ ਉਹ ਵਿਅਕਤੀ ਕਿੰਨਾਂ ਲੰਮਾਂ ਸਮਾਂ ਬੇਰੋਜ਼ਗਾਰ ਰਿਹਾ ਹੈ।

ਇਸ ਸਾਲ ਦੇ ਮਈ ਮਹੀਨੇ ਤੱਕ, 12,600 ਤੋਂ ਵੱਧ ਐਲਬਰਟਾ ਨਿਵਾਸੀ ਐਲਬਰਟਾ ਜੌਬਜ਼ ਨਾਉ ਪ੍ਰੋਗਰਾਮ ਵਿਚਲੀਆਂ ਅਸਾਮੀਆਂ 'ਤੇ ਮਨਜ਼ੂਰ ਹੋ ਚੁੱਕੇ ਹਨ - ਜਿਹੜਾ ਪ੍ਰੋਗਰਾਮ ਮਹਾਂਮਾਰੀ ਦੀਆਂ ਚੁਣੌਤੀਆਂ ਦੇ ਦਰਮਿਆਨ ਪਿਛਲੇ ਸਾਲ ਲਾਗੂ ਹੋਇਆ ਸੀ, ਜਿਸਦਾ ਫੋਕਸ ਐਲਬਰਟਾ ਨਿਵਾਸੀਆਂ ਨੂੰ ਵਾਪਸ ਕੰਮ 'ਤੇ ਲਿਆਉਣਾ ਸੀ, ਅਤੇ ਜੋ ਲੇਬਰ ਦੀ ਮੌਜੂਦਾ ਥੁੜ ਨਾਲ ਨਜਿੱਠਣ ਲਈ ਵਿਕਸਤ ਹੋਇਆ। ਪ੍ਰੋਗਰਾਮ ਰਾਹੀਂ ਭਰਤੀ ਕੀਤੀਆਂ ਗਈਆਂ ਸਭ ਤੋਂ ਵੱਧ ਪ੍ਰਕਾਰ ਦੀਆਂ ਨੌਕਰੀਆਂ 'ਚ ਸ਼ਾਮਲ ਹਨ ਫੂਡ ਅਤੇ ਬੈਵਰੇਜ ਸਰਵਰ, ਕੁੱਕ, ਰਿਟੇਲ ਸੇਲਜ਼ਪੀਪਲ, ਪ੍ਰਸ਼ਾਸਕੀ ਅਫਸਰ ਅਤੇ ਟ੍ਰਾਂਸਪੋਰਟ ਟਰੱਕ ਡਰਾਈਵਰ।

## ਐਲਬਰਟਾ ਦੀ ਰਿਕਵਰੀ ਨੂੰ ਸਹਾਇਤਾ ਦੇਣਾ

ਨੌਕਰੀਆਂ ਪੈਦਾ ਕਰਨ ਲਈ ਅਤੇ ਸਕਿੱਲ ਟਰੇਨਿੰਗ ਅਤੇ ਐਂਪਲਾਇਮੈਂਟ ਗਰਾਂਟਾਂ ਨਾਲ ਵਰਕਫੋਰਸ ਨੂੰ ਮਜ਼ਬੂਤ ਬਣਾਉਂਦਿਆਂ ਆਰਥਿਕਤਾ 'ਚ ਵਿਭਿੰਨਤਾ ਲਿਆਉਣ ਲਈ ਐਲਬਰਟਾ ਜੌਬਜ਼ ਨਾਉ ਐਲਬਰਟਾ ਦੀ ਰਿਕਵਰੀ ਪਲੈਨ ਦਾ ਇਕ ਕੁੰਜੀਵਤ ਭਾਗ ਹੈ।

ਪ੍ਰੋਗਰਾਮ ਵਾਸਤੇ ਯੋਗ ਬਣਨ ਲਈ, ਪ੍ਰਾਈਵੇਟ ਸੈਕਟਰ ਬਿਜ਼ਨਸਾਂ ਅਤੇ ਨਾਨ-ਪ੍ਰਾਫਿਟ ਸੰਸਥਾਵਾਂ ਨੂੰ ਜ਼ਰੂਰੀ ਤੌਰ 'ਤੇ ਫੰਡਿੰਗ ਐਲਬਰਟਾ ਨਿਵਾਸੀਆਂ ਨੂੰ ਕਿਸੇ ਨਵੀਂ ਜਾਂ ਖਾਲੀ ਆਸਾਮੀ 'ਤੇ ਭਰਤੀ ਕਰਨ ਵਾਸਤੇ ਵਰਤਣੀ ਹੋਵੇਗੀ। ਨਵੇਂ ਭਰਤੀ ਹੋਏ ਵਿਅਕਤੀ ਨੂੰ ਜ਼ਰੂਰੀ ਤੌਰ 'ਤੇ ਐਲਬਰਟਾ 'ਚ ਰਹਿਣਾ ਅਤੇ ਕੰਮ ਕਰਨਾਂ ਪਵੇਗਾ ਅਤੇ ਉਸਨੇ ਜ਼ਰੂਰੀ ਤੌਰ 'ਤੇ ਉਸ ਐਂਪਲਾਇਰ ਨਾਲ ਬੀਤੇ 90 ਦਿਨਾਂ 'ਚ ਕੰਮ ਨਹੀਂ ਕੀਤਾ ਹੋਣਾ ਚਾਹੀਦਾ।

## ਫੌਰੀ ਤੱਥ

- ਐਂਪਲਾਇਰ ਐਲਬਰਟਾ ਜੌਬਜ਼ ਨਾਉ ਦੀ ਅਰਜ਼ੀਆਂ ਲੈਣ ਦੀ ਇਸ ਤੀਸਰੀ ਵਾਰੀ 'ਚ 3 ਜੂਨ ਸਵੇਰੇ 9 ਵਜੇ ਤੋਂ alberta.ca/jobsnow 'ਤੇ ਜਾ ਕੇ ਅਰਜ਼ੀ ਦੇ ਸਕਦੇ ਹੋਣਗੇ।
- ਉਹ ਐਂਪਲਾਇਰ ਜਿੰਨ੍ਹਾਂ ਨੇ ਯੋਗ ਬਣਦੇ ਕਰਮਚਾਰੀਆਂ ਨੂੰ 17 ਦਸੰਬਰ 2021 ਨੂੰ ਜਾਂ ਉਸ ਤੋਂ ਮਗਰੋਂ, ਜਿਹੜੀ ਕਿ ਅਰਜ਼ੀਆਂ ਲੈਣ ਦੀ ਹੁਣ ਤੋਂ ਪਹਿਲੀ ਵਾਰੀ ਦੇ ਬੰਦ ਹੋਣ ਦੀ ਤਰੀਕ ਸੀ, ਭਰਤੀ ਕੀਤਾ ਸੀ, ਉਹ ਅਰਜ਼ੀ ਦੇ ਸਕਦੇ ਹਨ।
- ਅਰਜ਼ੀਆਂ ਦਾ ਪੁਨਰ-ਨਿਰੀਖਣ, ਜਦੋਂ ਤੱਕ ਫੰਡ ਅਲਾਟ ਨਹੀਂ ਹੋ ਚੁੱਕਦੇ, ਪਹਿਲਾਂ ਆਈ - ਪਹਿਲਾਂ ਨਿਪਟੀ ਦੇ ਆਧਾਰ 'ਤੇ ਕੀਤਾ ਜਾਵੇਗਾ।
- ਗਰਾਂਟ ਤਨਖਾਹ ਜਾਂ ਟਰੇਨਿੰਗ ਦੇ ਖਰਚਿਆਂ ਦੀ ਪੂਰਤੀ ਲਈ ਵਰਤੀ ਜਾ ਸਕਦੀ ਹੈ।
- ਮਈ 2022 ਤੱਕ ਪ੍ਰੋਗਰਾਮ 'ਚ ਸਭ ਤੋਂ ਵੱਧ ਅਰਜ਼ੀਆਂ ਦੇਣ ਵਾਲੇ ਉਦਯੋਗ ਹਨ:
  - ਰਿਹਾਇਸ਼ ਅਤੇ ਭੋਜਨ ਸੇਵਾਵਾਂ ਸੈਕਟਰ – 21.12 ਪ੍ਰਤਿਸ਼ਤ
  - ਪ੍ਰੋਫੈਸ਼ਨਲ, ਵਿਗਿਆਨਕ ਅਤੇ ਤਕਨੀਕੀ ਸੇਵਾਵਾਂ – 11.19 ਪ੍ਰਤਿਸ਼ਤ
  - ਕੰਸਟ੍ਰੱਕਸ਼ਨ – 9.46 ਪ੍ਰਤਿਸ਼ਤ
  - ਰਿਟੇਲ ਟਰੇਡ – 7.47 ਪ੍ਰਤਿਸ਼ਤ
  - ਮੈਨੁਫੈਕਚਰਿੰਗ – 6.94 ਪ੍ਰਤਿਸ਼ਤ

## ਸਬੰਧਤ ਜਾਣਕਾਰੀ

- ਐਲਬਰਟਾ ਜੌਬਜ਼ ਨਾਉ
- ਐਲਬਰਟਾ ਦੀ ਰਿਕਵਰੀ ਪਲੈਨ

## ਮੀਡੀਆ ਇੰਨਕੁਆਰੀਆਂ

**Roy Dallmann**

587-873-7140

ਪ੍ਰੈੱਸ ਸੈਕਰੇਟਰੀ, ਲੇਬਰ ਐਂਡ ਇੰਮੀਗਰੇਸ਼ਨ

**ALBERTA'S RECOVERY PLAN**

Alberta's Recovery Plan is a plan to breathe new life into Alberta's economy and create new opportunities for every Albertan. It's a plan to build, to diversify, and to create jobs.

Classification: Public